ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਅੱਖਾਂ ਦਾ ਮੁਫਤ ਚੈੱਕ ਅਤੇ ਆਪ੍ਰੇਸ਼ਨ ਕੈਂਪ ਪਿੰਡ ਕਰਮਗੜ੍ਹ (ਪਟਿਆਲਾ) ਵਿਖੇ 28 ਨਵੰਬਰ ਨੂੰ

ਪਟਿਆਲਾ,23 ਨਵੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਦੇ ਨਾਲ ਮਨੁੱਖਤਾ ਦੀ ਸੇਵਾ ਵਿੱਚ ਮੋਹਰੀ ਸੰਸਥਾ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਅੱਖਾਂ ਦਾ ਮੁਫਤ ਚੈਕਅਪ ਤੇ ਅਪ੍ਰੇਸ਼ਨ ਕੈਂਪ 28 ਨਵੰਬਰ ਨੂੰ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ ਦੇ 1 ਵਜ਼ੇ ਤੱਕ ਜ਼ਿਲ੍ਹਾ ਪਟਿਆਲਾ ਦੇ ਪਿੰਡ ਕਰਮਗੜ੍ਹ ਵਿਖੇ ਸਥਿਤ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਲਗਾਇਆ ਜਾ ਰਿਹਾ।

ਸ਼ੰਕਰਾ ਆਈ ਹਸਪਤਾਲ (ਲੁਧਿਆਣਾ) ਦੇ ਸਹਿਯੋਗ ਨਾਲ ਲੱਗਣ ਵਾਲੇ ਇਸ ਕੈਂਪ ਵਿੱਚ ਦਵਾਈਆਂ ਅਤੇ ਐਨਕਾਂ ਮੁਫ਼ਤ ਦਿੱਤੀਆਂ ਜਾਣਗੀਆਂ ਜਦਕਿ ਚਿੱਟੇ ਮੋਤੀਏ ਦੇ ਮਰੀਜ਼ਾਂ ਦਾ ਆਪ੍ਰੇਸ਼ਨ ਵੀ ਫਰੀ ਹੋਵੇਗਾ।

ਇਸ ਕੈਂਪ ਵਿੱਚ ਚੈੱਕਅਪ ਕਰਵਾਉਣ ਲਈ ਆਉਣ ਵਾਲੇ ਮਰੀਜ਼ਾਂ ਨੂੰ ਆਪਣਾ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਨਾਲ ਲੈ ਕੇ ਆਉਣੀ ਜਰੂਰੀ ਹੋਵੇਗੀ। ਉਥੇ ਹੀ ਦੋ ਸੰਪਰਕ ਮੋਬਾਈਲ ਨੰਬਰ ਵੀ ਹੋਣੇ ਚਾਹੀਦੇ ਹਨ। ਜੇਕਰ ਮਰੀਜ਼ ਕਿਸੇ ਬਿਮਾਰੀ ਦੀ ਦਵਾਈ ਖਾਂਦੇ ਹਨ ਤਾਂ ਉਹਨਾਂ ਨੂੰ ਆਪਣੀ ਦਵਾਈ ਵੀ ਨਾਲ ਲੈ ਕੇ ਆਉਣੀ ਜਰੂਰੀ ਹੋਵੇਗੀ। ਕੈਂਪ ਸਬੰਧੀ ਜ਼ਿਆਦਾ ਜਾਣਕਾਰੀ ਲੈਣ ਲਈ ਸੰਸਥਾਂ ਦੇ ਮੋਬਾਇਲ ਨੰਬਰ 98729-13053 ਅਤੇ 77195-57742 ਤੇ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਵਿਸ਼ਵ ਪੰਜਾਬੀ ਸਾਂਝ ਕੈਨੇਡਾ ਵੱਲੋਂ ਬਠਿੰਡਾ ਵਿਖੇ ਇੱਕ ਵਿਸ਼ਾਲ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ ਸੀ ਜੋਕਿ ਕਾਫੀ ਸਫ਼ਲ ਸਾਬਤ ਹੋਇਆ ਸੀ, ਆਸ ਕੀਤੀ ਜਾਂਦੀ ਹੈ ਕਿ ਮਰੀਜ਼ਾਂ ਦਾ ਸਫਲ ਇਲਾਜ਼ ਹੋਵੇਗਾ ਤੇ ਲੋੜਵੰਦਾਂ ਨੂੰ ਉਹਨਾਂ ਦਾ ਫਾਇਦਾ ਹੋਵੇਗਾ। ਮਾਨਵਤਾ ਦੀ ਸੇਵਾ ਦੇ ਕਾਰਜਾਂ ਵਿੱਚ ਵਿਸ਼ਵ ਪੰਜਾਬੀ ਸਭਾ ਕੈਨੇਡਾ ਇਸੇ ਤਰ੍ਹਾਂ ਯੋਗਦਾਨ ਪਾਉਂਦੀ ਰਹੇਗੀ।

ਮੁਫ਼ਤ ਕੈਂਪ ਮੁਫ਼ਤ ਕੈਂਪ ਮੁਫ਼ਤ ਕੈਂਪ

ਸਮੂਹ ਇਲਾਕਾ ਨਿਵਾਸੀਆਂ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਮਨੁੱਖਤਾ ਦੀ ਸੇਵਾ ਲਈ

### ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ

ਸ਼ੰਕਰਾ ਆਈ ਹਸਪਤਾਲ (ਲੁਧਿਆਣਾ) ਦੇ ਸਹਿਯੋਗ ਨਾਲ

### ਅੱਖਾਂ ਦਾ ਮੁਫ਼ਤ ਚੈੱਕਅਪ
### ਆਪ੍ਰੇਸ਼ਨ ਕੈਂਪ

ਮਿਤੀ 28 ਨਵੰਬਰ 2024 (ਸਮਾਂ ਸਵੇਰੇ 9 ਤੋਂ 1 ਵਜੇ ਤੱਕ)

ਸਥਾਨ:- ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਕਰਮਗੜ੍ਹ (ਜ਼ਿਲ੍ਹਾ ਪਟਿਆਲਾ)

ਕੈਂਪ ਦੌਰਾਨ ਦਵਾਈਆਂ ਅਤੇ ਐਨਕਾਂ ਮੁਫ਼ਤ ਵੰਡੀਆਂ ਜਾਣਗੀਆਂ

ਚਿੱਟੇ ਮੋਤੀਏ ਦੇ ਮਰੀਜ਼ਾਂ ਦਾ ਆਪ੍ਰੇਸ਼ਨ ਫਰੀ ਕੀਤਾ ਜਾਵੇਗਾ।

ਨੋਟ:-

1. ਮਰੀਜ਼ ਆਪਣਾ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਜ਼ਰੂਰ ਨਾਲ ਲੈ ਕੇ ਆਉਣ।
2. ਆਪਣੇ ਨਾਲ 2 ਮੋਬਾਇਲ ਨੰਬਰ ਲਿਖ ਕੇ ਲਿਆਉਣਾ।
3. ਜਿਹੜੇ ਮਰੀਜ਼ ਕਿਸੇ ਬਿਮਾਰੀ ਦੀ ਦਵਾਈ ਖਾਂਦੇ ਹਨ, ਉਹ ਆਪਣੀ ਦਵਾਈ ਨਾਲ ਲੈ ਕੇ ਆਉਣ ਜੀ ।

M: 98729-13053, 77195-57742

HURRY! RIGHT AWAY
BRAMPTON CASH & CARRY
Importer | Wholesaler | Retailer
SPECIAL OFFERS AT
BRAMPTON CASH AND CARRY



WHOLE WHEAT 2.49 $
BEST FOOD RUSK 2.99 $
WHITE 2.49 $
100 Kennedy Rd S, Brampton, ON L6W 3E7, Canada
905-230-4800

RE/MAX GOLD COAST REALTORS
RE/MAX GOLD
FREE HOME EVALUATION • FREE VIRTUAL TOUR • FREE STAGING CONSULTATION
(905) 673-8500
TeamGetSold@outlook.com
2720 N Park Dr Unit 50, Brampton, ON L6S 0E9




If You Are Satisfied With My Services, Don't Keep It A Secret. Thanks For Your Trust

HOMELIFE Silvercity Realty Inc., Brokerage
KANWAR BRAR
Broker
Direct: 416-737-4971
Office: 905.913.8500
Email: kanwarjitbrar@hotmail.com
11775 Bramalea Rd # 201, Brampton, Ontario L6R 3Z4
"Success Is Never Final"



AMYRA ACADEMY
Hair & Esthetics
Our Courses
HAIR STYLING DIPLOMA
MEDICAL ESTHETICS DIPLOMA



905-399-6110 , 647-713-3133
amyraacademy@outlook.com www.amyraacademy.com
114 Kennedy Road Unit 2 Brampton Ontario, L6W 3E7
amyraacademy amyraacademy

# ਮਲਕੀਤ ਸਿੰਘ ਬਣਿਆ ਐਵਰੈਸਟ ਫ਼ਤਿਹ ਕਰਨ ਵਾਲਾ ਦੁਨੀਆ ਦਾ ਪਹਿਲਾ ਗੁਰਸਿੱਖ, ਲਹਿਰਾਇਆ ਕੇਸਰੀ ਨਿਸ਼ਾਨ

ਫ਼ਤਹਿਗੜ੍ਹ ਸਾਹਿਬ :22 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਜ਼ਿਲ੍ਹੇ ਦੀ ਖਮਾਣੋਂ ਤਹਿਸੀਲ ਦੇ ਪਿੰਡ ਬੌੜ ਦਾ ਮਲਕੀਤ ਸਿੰਘ ਦੁਨੀਆ ਦਾ ਪਹਿਲਾ ਸਾਬਤ-ਸੂਰਤ ਗੁਰਸਿੱਖ ਹੈ, ਜਿਸ ਨੇ ਐਵਰੈਸਟ ਫ਼ਤਿਹ ਕੀਤਾ ਹੈ। 23 ਨਵੰਬਰ ਨੂੰ ਮਲਕੀਤ ਸਿੰਘ ਦਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 19 ਮਈ 2024 ਦੀ ਸਵੇਰ ਨੂੰ ਮਲਕੀਤ ਸਿੰਘ ਨੇ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ 'ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ। ਮਲਕੀਤ ਸਿੰਘ ਜੋ ਕਿ 1998 ਤੋਂ ਨਿਊਜ਼ੀਲੈਂਡ 'ਚ ਵਸਿਆ ਹੋਇਆ ਹੈ। ਐਵਰੈਸਟ ਫ਼ਤਿਹ ਕਰਨ ਤੋਂ ਬਾਅਦ ਪਹਿਲੀ ਵਾਰ ਪੰਜਾਬ ਆਇਆ ਹੈ। ਮਲਕੀਤ ਸਿੰਘ ਦੁਨੀਆ ਦਾ ਪਹਿਲਾ ਸਾਬਤ ਸੂਰਤ ਗੁਰਸਿੱਖ ਹੈ ਜੋ 8,848.86 ਮੀਟਰ ਉੱਚੀ ਮਾਊਂਟ ਐਵਰੈਸਟ ਨੂੰ ਫ਼ਤਿਹ ਕਰਨ ਵਿੱਚ ਕਾਮਯਾਬ ਹੋਇਆ ਹੈ।



### 2022 'ਚ ਮਨ 'ਚ ਜਾਗੀ ਸੀ ਇੱਛਾ

ਐਵਰੈਸਟ ਫ਼ਤਿਹ ਕਰਨ ਤੋਂ ਬਾਅਦ ਪਹਿਲੀ ਵਾਰ ਆਪਣੇ ਜੱਦੀ ਪਿੰਡ ਬੌੜ ਆਏ ਐੱਨਆਰਆਈ ਮਲਕੀਤ ਸਿੰਘ ਨੇ ਦੱਸਿਆ ਕਿ ਸਾਲ 2022 'ਚ ਉਸ ਦੇ ਮਨ 'ਚ ਕੇਸਰੀ ਨਿਸ਼ਾਨ ਸਾਹਿਬ ਨੂੰ ਐਵਰੈਸਟ 'ਤੇ ਲਹਿਰਾਉਣ ਦੀ ਇੱਛਾ ਪੈਦਾ ਹੋਈ। 1967 'ਚ ਇੱਕ ਸਿੱਖ ਫ਼ੌਜੀ ਅਫ਼ਸਰ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਗਲੇਸ਼ੀਅਰ ਫਟਣ ਕਾਰਨ ਉਸਦੀ ਮੌਤ ਹੋ ਗਈ ਸੀ। ਮਲਕੀਤ ਸਿੰਘ ਨੇ ਦੱਸਿਆ ਕਿ ਦੋ ਸਾਲਾਂ ਦੀ ਸਖ਼ਤ ਮਿਹਨਤ ਤੇ ਇੱਕ ਸਾਲ ਦੀ ਸਿਖਲਾਈ ਤੋਂ ਬਾਅਦ, ਉਹ ਐਵਰੈਸਟ 'ਤੇ ਚੜ੍ਹਨ 'ਚ ਸਫ਼ਲ ਹੋਏ। 11 ਮਈ 2024 ਨੂੰ, ਉਨ੍ਹਾਂ ਨੇ ਐਵਰੈਸਟ ਦੇ ਬੇਸ ਕੈਂਪ ਤੋਂ ਐਵਰੈਸਟ ਦੀ ਚੋਟੀ ਤੱਕ ਆਪਣੀ ਯਾਤਰਾ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਕਿ ਜਦੋਂ ਉਹ ਕੈਂਪ ਤਿੰਨ ਤੋਂ ਕੈਂਪ ਚਾਰ ਲਈ ਰਵਾਨਾ ਹੋਏ ਤਾਂ ਉਹ ਸਰੀਰਕ ਤੌਰ 'ਤੇ ਥੱਕਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਮੈਨੂੰ ਲੱਗਾ ਜਿਵੇਂ ਮੇਰੇ ਵਿੱਚ ਅੱਗੇ ਵਧਣ ਦੀ ਤਾਕਤ ਨਹੀਂ ਸੀ। ਮੈਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਅਤੇ ਵਿਸ਼ਵਾਸ ਨਾਲ ਅੱਗੇ ਵਧਿਆ। 19 ਮਈ ਨੂੰ ਉਹ ਸਵੇਰੇ 7.30 ਵਜੇ ਆਖ਼ਰੀ ਪੜਾਅ ਲਈ ਰਵਾਨਾ ਹੋਏ ਅਤੇ ਸਵੇਰੇ 8.37 ਵਜੇ ਉਨ੍ਹਾਂ ਨੇ ਦੁਨੀਆ ਦੀ ਸਭ ਤੋਂ ਉੱਚੀ ਚੋਟੀ 'ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ। ਇਸ ਤੋਂ ਬਾਅਦ ਉਹ 21 ਮਈ ਨੂੰ ਸੁਰੱਖਿਅਤ ਬੇਸ ਕੈਂਪ ਪਰਤ ਆਏ। ਮਲਕੀਤ ਸਿੰਘ ਦਾ ਕਹਿਣਾ ਹੈ ਕਿ ਸ਼ਡਿਊਲ ਮੁਤਾਬਕ ਉਨ੍ਹਾਂ ਨੇ 17 ਮਈ ਨੂੰ ਵਾਪਸ ਆਉਣਾ ਸੀ ਪਰ ਖ਼ਰਾਬ ਮੌਸਮ ਕਾਰਨ 5 ਦਿਨ ਦੀ ਦੇਰੀ ਹੋਈ। ਉਹ ਆਪਣੀ ਕਾਮਯਾਬੀ ਦਾ ਸਿਹਰਾ ਪ੍ਰਮਾਤਮਾ ਨੂੰ ਦਿੰਦੇ ਹਨ। ਐਵਰੈਸਟ ਫ਼ਤਿਹ ਕਰਨ ਤੋਂ ਬਾਅਦ ਮਲਕੀਤ ਸਿੰਘ ਨਿਊਜ਼ੀਲੈਂਡ ਚਲਾ ਗਏ।

### ਵਿਦਿਆਰਥੀ ਜੀਵਨ ਦੌਰਾਨ ਤਿੰਨ ਵਾਰ ਬਣੇ ਸਰਵੋਤਮ ਅਥਲੀਟ

53 ਸਾਲਾ ਮਲਕੀਤ ਸਿੰਘ ਪੰਜਾਬ ਪਬਲਿਕ ਸਕੂਲ ਨਾਭਾ ਦੇ ਵਿਦਿਆਰਥੀ ਰਹੇ ਹਨ। ਉਨ੍ਹਾਂ ਨੇ 1993 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਖੇਤੀਬਾੜੀ ਵਿਗਿਆਨ ਵਿੱਚ ਬੀਐਸਸੀ ਆਨਰਜ਼ ਦੀ ਡਿਗਰੀ ਪ੍ਰਾਪਤ ਕੀਤੀ। ਮਲਕੀਤ ਸਿੰਘ ਨੂੰ ਆਪਣੇ ਵਿਦਿਆਰਥੀ ਜੀਵਨ ਦੌਰਾਨ ਤਿੰਨ ਵਾਰ ਸਰਵੋਤਮ ਅਥਲੀਟ ਚੁਣਿਆ ਗਿਆ ਸੀ। ਮਲਕੀਤ ਸਿੰਘ ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਆਪਣੇ ਵਿਦਿਆਰਥੀ ਦਿਨਾਂ ਦੌਰਾਨ ਮਹਾਨ ਪਰਬਤਾਰੋਹੀ ਸਰ ਐਡਮੰਡ ਹਿਲੇਰੀ ਤੋਂ ਪੁਰਸਕਾਰ ਪ੍ਰਾਪਤ ਕਰਨ ਨੂੰ ਯਾਦ ਕਰਦਾ ਹੈ ਜੋ ਟੈਨਸਿੰਗ ਨੌਰਗੇ ਦੇ ਨਾਲ 1953 'ਚ ਦੁਨੀਆ ਦੇ ਸਭ ਤੋਂ ਉੱਚੇ ਪਹਾੜ ਮਾਉਂਟ ਐਵਰੈਸਟ 'ਤੇ ਚੜ੍ਹਨ ਵਾਲਾ ਪਹਿਲਾ ਵਿਅਕਤੀ ਸੀ। ਹਿਲੇਰੀ, ਜੋ ਕਿ 1985 ਤੋਂ 1988 ਤੱਕ ਭਾਰਤ ਵਿੱਚ ਨਿਊਜ਼ੀਲੈਂਡ ਦੀ ਹਾਈ ਕਮਿਸ਼ਨਰ ਰਹੀ ਸੀ, 1987 ਵਿੱਚ ਸਲਾਨਾ ਪੁਰਸਕਾਰਾਂ ਲਈ ਸਕੂਲ ਗਈ ਸੀ, ਜਦੋਂ ਮਲਕੀਤ ਸਿੰਘ ਉਸ ਨੂੰ ਮਿਲਿਆ ਸੀ। ਮਲਕੀਤ ਸਿੰਘ ਨੇ ਦੱਸਿਆ ਕਿ ਬਾਅਦ 'ਚ ਜਦੋਂ ਮੈਂ 1998 ਵਿੱਚ ਆਕਲੈਂਡ ਗਿਆ ਤਾਂ ਮੈਂ ਐਡਮੰਡ ਹਿਲੇਰੀ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਦੁਬਾਰਾ ਮਿਲਿਆ।

### ਪੁੱਤਰ ਨਿਊਜ਼ੀਲੈਂਡ ਦੀ ਫ਼ੌਜ 'ਚ ਭਰਤੀ ਹੋਣ ਵਾਲਾ ਪਹਿਲਾ ਸਿੱਖ ਨੌਜਵਾਨ

ਮਲਕੀਤ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਪਰਿਵਾਰ ਨੂੰ ਰਾਜ਼ੀ ਕਰਨਾ ਜ਼ਰੂਰੀ ਸੀ। ਅਜਿਹੇ 'ਚ ਪੁੱਤਰ ਨੇ ਪਰਿਵਾਰ ਨੂੰ ਹੌਸਲਾ ਦਿੱਤਾ ਅਤੇ ਸਮਝਾਇਆ। ਮਲਕੀਤ ਸਿੰਘ ਦਾ ਪੁੱਤਰ ਨਿਊਜ਼ੀਲੈਂਡ ਦੀ ਫ਼ੌਜ ਵਿਚ ਭਰਤੀ ਹੋਣ ਵਾਲਾ ਪਹਿਲਾ ਸਿੱਖ ਨੌਜਵਾਨ ਹੈ। ਮਲਕੀਤ ਸਿੰਘ ਦਾ ਕਹਿਣਾ ਹੈ ਕਿ ਉਸ ਦੇ ਪੁੱਤਰ ਹਨ। ਉਨ੍ਹਾਂ ਦੇ ਪੁੱਤਰ ਨੇ ਹੀ ਉਨ੍ਹਾਂ ਲਈ ਵਰਕਆਊਟ ਸ਼ਡਿਊਲ ਤਿਆਰ ਕੀਤਾ ਸੀ। ਜਿਸ ਵਿੱਚ ਸਵੇਰੇ 10 ਕਿੱਲੋਮੀਟਰ ਦੀ ਦੌੜ, ਪੌੜੀਆਂ ਚੜ੍ਹਨਾ ਅਤੇ ਸ਼ਾਮ ਨੂੰ ਯੋਗਾ ਸ਼ਾਮਲ ਹੈ। ਉਨ੍ਹਾਂ ਨੇ ਇਸ ਸ਼ਡਿਊਲ ਨਾਲ ਆਪਣਾ ਅਭਿਆਸ ਜਾਰੀ ਰੱਖਿਆ। ਇਸ ਦੌਰਾਨ ਉਨ੍ਹਾਂ ਦਾ ਭਾਰ ਵੀ 17 ਕਿੱਲੋਗ੍ਰਾਮ ਤੱਕ ਘਟ ਗਿਆ। ਨਵੰਬਰ 2023 ਵਿੱਚ ਮਲਕੀਤ ਸਿੰਘ ਨੇ ਮਾਊਂਟ ਐਵਰੈਸਟ ਉੱਤੇ ਚੜ੍ਹਨ ਲਈ ਪਰਮਿਟ ਮੰਗਿਆ। ਫਿਰ ਉਨ੍ਹਾਂ ਨੂੰ ਆਪਣੇ ਸਰੀਰ ਨੂੰ ਕੰਡੀਸ਼ਨ ਕਰਨ ਦੀ ਸਲਾਹ ਦਿੱਤੀ ਗਈ। ਇਸ ਦੇ ਲਈ ਮਲਕੀਤ ਸਿੰਘ ਨੇ ਮਾਊਂਟ ਤਾਰਾਨਾਕੀ (2,518 ਮੀਟਰ) ਤੇ ਮਾਊਂਟ ਲੋਬੂਚੇ (6,119 ਮੀਟਰ) ਦੀ ਚੜ੍ਹਾਈ ਕੀਤੀ। ਮਲਕੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਮਾਊਂਟ ਐਵਰੈਸਟ 'ਤੇ ਚੜ੍ਹਨ ਲਈ ਡੇਢ ਲੱਖ ਨਿਊਜ਼ੀਲੈਂਡ ਡਾਲਰ (8250000 ਰੁਪਏ) ਖ਼ਰਚਣੇ ਪਏ ਸਨ।

## ਕਵਿਤਾ

ਨਬਜਾਂ ਫੜ ਫੜ ਟੋਹਣੇ ਸਾਹ
ਮੇਰੀ ਚੁੱਪ ਤੇ ਰੋਣੇ ਸਾਹ
ਜੀਵਨ ਗਡ ਨੂੰ ਛਿੱਕਣ ਲਈ
ਨਿਤ ਪੈਂਦੇ ਨੇ ਜਿਓਣੇ ਸਾਹ
ਹਿਜਰਾ ਜਿੰਨਾ ਪੈਂਡਾ ਦੱਸਿਆ
ਈ
ਖਬਰੇ ਇਨੇ ਹੋਣੇ ਸਾਹ
ਤੂੰ ਆਖੇਂ ਤੇ ਵਾਰ ਦੇਵਾਂ ਜਿੰਦ
ਤੈਥੋਂ ਨੇ ਕੋਈ ਸੋਹਣੇ ਸਾਹ
ਯਾਂ ਤੇ ਰੱਬਾ ਦੇਣੇ ਨਈਂ ਸੀ
ਯਾਂ ਫਿਰ ਨਹੀਂ ਸੀ ਖੋਹਣੇ ਸਾਹ



ਡਾਕਟਰ ਇਰਫ਼ਾਨ ਨਜ਼ੀਰ
ਹੈਡ ਸੁਲੇਮਾਨਕੀ




One Bed Room Basement
Basement in sharing is available from dec 1st at queen & centre very close to Brampton down town and 2 mins walk to all amenities
437 419 5200
Any single person preferred




### ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



# ਜੇ.ਈ.ਈ ਐਡਵਾਂਸ 'ਚ ਤਿੰਨ ਨਹੀਂ ਸਗੋਂ ਦੋ ਮੌਕੇ, ਵਿਦਿਆਰਥੀਆਂ ਨੇ ਕਿਹਾ 13 ਦਿਨ ਵਿੱਚ ਕਿਉਂ ਬਦਲੇ ਨਿਯਮ ?



ਨਵੀਂ ਦਿੱਲੀ 22 ਨਵੰਬਰ (ਵਿਸ਼ਵ ਪੰਜਾਬੀ ਸਾਂਝ,ਕੈਨੇਡਾ)-ਦੇਸ਼ ਦੇ 23 ਆਈ.ਆਈ.ਟੀ. ਵਿੱਚ ਦਾਖ਼ਲੇ ਲਈ ਆਉਣ ਵਾਲੀ ਜੇ.ਈ.ਈ ਐਡਵਾਂਸ 2025 ਦੀ ਪ੍ਰੀਖਿਆ ਲਈ ਅਰਜ਼ੀ ਪ੍ਰਕਿਰਿਆ ਤੋਂ ਪਹਿਲਾਂ ਹੀ ਵਿਦਿਆਰਥੀਆਂ ਦਾ ਤਣਾਅ ਸ਼ੁਰੂ ਹੋ ਗਿਆ ਹੈ, ਉਧਰ ਇਸ ਪ੍ਰੀਖਿਆ ਲਈ ਨਿਯਮ ਤੈਅ ਕਰਨ ਵਾਲਾ ਸਾਂਝਾ ਦਾਖ਼ਲਾ ਬੋਰਡ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਬੋਰਡ ਨੇ ਸਿਰਫ਼ 13 ਦਿਨਾਂ ਵਿੱਚ ਹੀ ਆਪਣਾ ਫੈਸਲਾ ਪਲਟ ਦਿੱਤਾ 'ਤੇ ਇਸ ਦਾ ਅਸਰ ਪਹਿਲਾਂ ਹੀ ਦੇਖਣ ਨੂੰ ਮਿਲ ਰਿਹਾ ਹੈ। 5 ਨਵੰਬਰ ਨੂੰ ਐਲਾਨ ਕੀਤਾ ਗਿਆ ਸੀ ਕਿ ਇੱਕ ਵਿਦਿਆਰਥੀ ਲਗਾਤਾਰ ਤਿੰਨ ਸਾਲਾਂ ਤੱਕ ਜੇ.ਈ.ਈ ਐਡਵਾਂਸ ਵਿੱਚ ਬੈਠ ਸਕਦਾ ਹੈ, ਜਦੋਂ ਕਿ 2013 ਤੋਂ ਵਿਦਿਆਰਥੀਆਂ ਨੂੰ ਸਿਰਫ਼ ਦੋ ਮੌਕੇ ਦੇਣ ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਸੀ। ਇਸ ਤੋਂ ਠੀਕ 13 ਦਿਨਾਂ ਬਾਅਦ ਇਹ ਜਾਣਕਾਰੀ ਦਿੱਤੀ ਗਈ ਕਿ ਫਿਰ ਤੋਂ 2013 ਦੇ ਨਿਯਮ ਲਾਗੂ ਹੋਣਗੇ, ਯਾਨੀ ਕਿ ਵਿਦਿਆਰਥੀ ਨੂੰ ਲਗਾਤਾਰ ਦੋ ਵਾਰ ਹੀ ਪ੍ਰੀਖਿਆਂ ਦੇਣ ਦਾ ਮੌਕਾ ਮਿਲੇਗਾ। ਇਸ ਦਾ ਕਾਰਨ ਸ਼ਪੱਸ਼ਟ ਨਹੀਂ ਕੀਤਾ ਗਿਆ ਕਿ ਪਹਿਲਾਂ ਤਿੰਨ ਚਾਂਸ ਦੇਣ ਦਾ ਫੈਸਲਾ ਕਿਉਂ ਕੀਤਾ ਗਿਆ 'ਤੇ ਬਾਅਦ ਵਿੱਚ ਮੁੜ ਪੁਰਾਣੀ ਪ੍ਰਣਾਲੀ ਨੂੰ ਕਿਉਂ ਲਾਗੂ ਕੀਤਾ ਗਿਆ ?

ਸੋਸ਼ਲ ਮੀਡੀਆ 'ਤੇ ਵਿਦਿਆਰਥੀਆਂ ਦੀਆਂ ਸੁਣੀਆਂ ਸ਼ਿਕਾਇਤਾਂ : ਵਿਸ਼ਾਲ ਨਾਮਕ ਵਿਦਿਆਰਥੀ ਨੇ ਦੱਸਿਆ ਕਿ 5 ਨਵੰਬਰ ਨੂੰ ਡੀ. ਨੋਟੀਫਿਕੇਸ਼ਨ ਤੋਂ ਬਾਅਦ, ਉਸਨੇ ਜੇ.ਈ.ਈ ਐਡਵਾਂਸ ਦੀ ਤਿਆਰੀ ਸ਼ੁਰੂ ਕਰ ਦਿੱਤੀ, ਪਰ ਸਿਰਫ 13 ਦਿਨਾਂ ਬਾਅਦ ਮਾਪਦੰਡ ਬਦਲ ਦਿੱਤੇ ਗਏ। ਮੈਂ ਤਿਆਰੀ 'ਤੇ ਧਿਆਨ ਦੇਣ ਲਈ N.I.T ਜਲੰਧਰ ਕਾਲਜ ਛੱਡ ਦਿੱਤਾ ਅਤੇ ਹੁਣ ਮੈਂ ਪ੍ਰੀਖਿਆ ਦੇਣ ਦੇ ਯੋਗ ਵੀ ਨਹੀਂ ਹੋਵਾਂਗਾ। ਕਈ ਵਿਦਿਆਰਥੀ ਅਜਿਹੇ ਹਨ ਜੋ ਵਾਰਡਬੰਦੀ ਦੇ ਅਜਿਹੇ ਫੈਸਲਿਆਂ ਤੋਂ ਪ੍ਰੇਸ਼ਾਨ ਹਨ। ਵਿਦਿਆਰਥੀਆਂ ਨੇ ਵਾਰਡ ਦੇ ਨਾਲ-ਨਾਲ ਸਿੱਖਿਆ ਮੰਤਰਾਲੇ ਨੂੰ ਵੀ ਅਪੀਲ ਕੀਤੀ ਹੈ ਅਤੇ ਇਸ ਫ਼ੈਸਲੇ ਦੀ ਸਮੀਖਿਆ ਦੀ ਮੰਗ ਕੀਤੀ ਹੈ। ਜਿਹੜੇ ਵਿਦਿਆਰਥੀ ਜੇ.ਈ.ਈ ਮੇਨ ਪ੍ਰੀਖਿਆ ਵਿੱਚ ਟਾਪ 2.5 ਰੈਂਕ ਤੇ ਆਉਂਦੇ ਹਨ, ਉਹ ਜੇ.ਈ.ਈ ਐਡਵਾਂਸਡ ਪ੍ਰੀਖਿਆ ਵਿੱਚ ਹਿੱਸਾ ਲੈਂਦੇ ਹਨ। 23 ਆਈ.ਆਈ.ਟੀ ਵਿੱਚ ਸੀਟਾਂ ਦੀ ਗਿਣਤੀ ਵੀ 17 ਹਜ਼ਾਰ ਤੋਂ ਵੱਧ ਹੈ।

# ਸਾਈਬਰ ਸੁਰੱਖਿਆ ਲਈ ਸਰਕਾਰ ਨੇ ਬਣਾਏ ਨਵੇਂ ਨਿਯਮ, 6 ਘੰਟਿਆਂ 'ਚ ਟੈਲੀਕਾਮ ਕੰਪਨੀਆਂ ਨੂੰ ਦੇਣੀ ਹੋਵੇਗੀ ਘਟਨਾ ਦੀ ਜਾਣਕਾਰੀ

ਨਵੀਂ ਦਿੱਲੀ, 22 ਨੰਵਬਰ, (ਜਸਵਿੰਦਰ ਸਿੰਘ ਬਿੱਟਾ)-ਭਾਰਤ ਵਿਚ ਵਧ ਰਹੇ ਅਪਰਾਧਾਂ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਸਾਲ ਦੇ ਸ਼ੁਰੂਆਤੀ ਚਾਰ ਮਹੀਨਿਆਂ ਵਿਚ ਹੀ ਸਾਈਬਰ ਅਪਰਾਧੀਆਂ ਨੇ ਭਾਰਤੀਆਂ ਤੋਂ 1750 ਕਰੋੜ ਰੁਪਏ ਠੱਗ ਲਏ ਹਨ। ਕੇਂਦਰ ਸਰਕਾਰ ਨੇ ਸੁਰੱਖਿਆ ਦਾ ਤਾਣਾਬਾਣਾ ਹੋਰ ਕਸਦਿਆਂ ਦੂਰ ਸੰਚਾਰ ਸਾਈਬਰ ਸੁਰੱਖਿਆ ਦੇ ਨਵੇਂ ਨਿਯਮਾਂ ਦੀ ਨੋਟੀਫਿਕੇਸ਼ਨ ਜਾਰੀ ਕੀਤੀ ਹੈ। ਸਾਈਬਰ ਅਪਰਾਧ ਹੋਣ 'ਤੇ ਤੁਰੰਤ ਕਾਰਵਾਈ ਦੀ ਨੀਤੀ ਤਹਿਤ ਇਸ ਪੂਰੇ ਤੰਤਰ ਦੇ ਹਰ ਸਿਰੇ ਤੋਂ ਤੈਅਸ਼ੁਦਾ ਤਰੀਕੇ ਨਾਲ ਟਰੇਸ ਕਰਕੇ ਉਸ 'ਤੇ ਕਾਬੂ ਪਾਇਆ ਜਾਵੇਗਾ। ਦੂਰਸੰਚਾਰ ਦੇ ਕਿਸੇ ਵੀ ਖੇਤਰ ਵਿਚ ਕੰਮ ਕਰਨ ਵਾਲੀਆਂ ਕੰਪਨੀਆਂ ਨੂੰ ਹੁਣ ਹਰ ਹਾਲ ਵਿਚ ਇਕ ਚੀਫ਼ ਟੈਲੀਕਮਿਊਨੀਕੇਸ਼ਨ ਸਿਕਿਓਰਿਟੀ ਅਫ਼ਸਰ ਰੱਖਣਾ ਪਵੇਗਾ। ਦੂਰਸੰਚਾਰ ਕੰਪਨੀਆਂ ਨੂੰ ਕੋਈ ਵੀ ਸਾਈਬਰ ਅਪਰਾਧ ਕਿੰਨੇ ਵੀ ਛੋਟੇ ਜਾਂ ਵੱਡੇ ਪੈਮਾਨੇ 'ਤੇ ਕਿਉਂ ਨਾ ਹੋਇਆ ਹੋਵੇ, ਉਸ ਦੀ ਇਕ ਇਕ ਜਾਣਕਾਰੀ ਚੀਫ਼ ਟੈਲੀਕਮਿਊਨੀਕੇਸ਼ਨ ਸਿਕਿਓਰਿਟੀ ਰਾਹੀਂ ਵੱਧ ਤੋਂ ਵੱਧ ਛੇ ਘੰਟਿਆਂ ਵਿਚ ਕੇਂਦਰ ਨੂੰ ਦੇਣੀ ਹੋਵੇਗੀ। ਬਿਊਰੋ ਵਿਚ ਪ੍ਰਭਾਵਿਤ ਪ੍ਰਣਾਲੀ ਵਿਚ ਮੌਜੂਦਾ ਬਿਊਰੇ ਦੇ ਨਾਲ ਹੀ ਅਜਿਹੀਆਂ ਸਾਰੀਆਂ ਘਟਨਾਵਾਂ ਦੀ ਜਾਣਕਾਰੀ ਦੇਣੀ ਹੋਵੇਗੀ। ਸਾਈਬਰ ਅਪਰਾਧ ਜਾਂ ਸਾਈਬਰ ਸੁਰੱਖਿਆ ਵਿਚ ਸੰਨ੍ਹ ਦੇ ਮਾਮਲਿਆਂ ਵਿਚ 24 ਘੰਟੇ ਵਿਚ ਦੂਰ ਸੰਚਾਰ ਕੰਪਨੀਆਂ ਨੂੰ ਪ੍ਰਭਾਵਿਤ ਸੇਵਾਵਾਂ ਜਾਂ ਨੈੱਟਵਰਕ ਵਾਲੇ ਖਪਤਕਾਰਾਂ, ਉਨ੍ਹਾਂ ਦੇ ਗੱਲਬਾਤ ਦੇ ਸਮੇਂ, ਭੂਗੋਲਿਕ ਖੇਤਰ ਦਾ ਬਿਊਰਾ ਵੀ ਕੇਂਦਰੀ ਏਜੰਸੀਆਂ ਨੂੰ ਦੇਣਾ ਹੋਵੇਗਾ। ਜਾਂਚ ਦੇ ਬਾਅਦ ਪ੍ਰਬੰਧ ਵਿਚ ਪਾਈਆਂ ਗਈਆਂ ਕਮੀਆਂ ਨੂੰ ਦੂਰ ਕਰਨ ਵਿਚ ਫਿਰ ਤੋਂ ਸਾਈਬਰ ਤੰਤਰ ਨੂੰ ਹੋਰ ਚੌਕਸ ਕੀਤਾ ਜਾਵੇਗਾ। ਇਹ ਪ੍ਰਕਿਰਿਆ ਹਰ ਵਾਰ ਕੋਈ ਨਵੀਂ ਕਮੀ ਸਾਹਮਣੇ ਆਉਣ'ਤੇ ਅਪਣਾਈ ਜਾਵੇਗੀ।

### ਡਾਟਾ ਹਾਸਲ ਕਰਨ ਦਾ ਕੇਂਦਰ ਨੂੰ ਅਧਿਕਾਰ



ਕੇਂਦਰ ਸਰਕਾਰ ਦੀ ਨੋਟੀਫਿਕੇਸ਼ਨ ਦਾ ਉਦੇਸ਼ ਭਾਰਤੀ ਸੰਚਾਰ ਪ੍ਰਣਾਲੀ ਤੇ ਸਵਾਲਾਂ ਨੂੰ ਸੁਰੱਖਿਅਤ ਰੱਖਣਾ ਹੈ। ਇਸ ਲਈ ਦੂਰ ਸੰਚਾਰ ਸੇਵਾਵਾਂ, ਜਾਂ ਆਪਰੇਟਿੰਗ ਜਾਂ ਦੂਰਸੰਚਾਰ ਮੈਨਟੇਂਨੈਂਸ ਦੀ ਟੈਲੀਕਾਮ ਕੰਪਨੀਆਂ ਨੂੰ ਸੁਰੱਖਿਆ ਸਬੰਧੀ ਘਟਨਾਵਾਂ ਦੀ ਰਿਪੋਰਟ ਦੇਣ ਇਕ ਤੈਅਸ਼ੁਦਾ ਸਮੇਂ ਵਿਚ ਜ਼ਰੂਰੀ ਹੈ। ਇਨ੍ਹਾਂ ਨਿਯਮਾਂ ਨਾਲ ਕੇਂਦਰ ਸਰਕਾਰ ਜਾਂ ਉਸਦੀ ਏਜੰਸੀ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਸਾਈਬਰ ਸੁਰੱਖਿਆ ਕਾਰਨਾਂ ਤੋਂ ਟਰੈਫਿਕ ਡਾਟਾ ਤੇ ਹੋਰ ਕਿਸੇ ਵੀ ਪ੍ਰਕਾਰ ਦੇ ਡਾਟਾ (ਮੈਸੇਜ ਦੀ ਵਿਸ਼ਾ ਸਮੱਗਰੀ ਛੱਡ ਕੇ) ਨੂੰ ਟੈਲੀਕਾਮ ਕੰਪਨੀਆਂ ਤੋਂ ਹਾਸਲ ਕਰ ਸਕਦੀਆਂ ਹਨ। ਨਵੇਂ ਦੂਰਸੰਚਾਰ ਐਕਟ ਦੇ ਨਿਯਮਾਂ ਦੇ ਮਸੌਦੇ ਮੁਤਾਬਕ ਦੂਰਸੰਚਾਰ ਕੰਪਨੀਆਂ ਨੂੰ ਟੈਲੀਕਾਮ ਸਾਈਬਰ ਸਿਕਿਓਰਿਟੀ ਦੀ ਪਾਲਸੀ ਨੂੰ ਵੀ ਅਪਨਾਉਣਾ ਬੇਹੱਦ ਜ਼ਰੂਰੀ ਹੋਵੇਗਾ। ਇਸ ਵਿਚ ਸਿਕਿਓਰਿਟੀ ਸੇਫਗਾਰਡ, ਰਿਸਕ ਮੈਨੇਜਮੈਂਟ ਅਪ੍ਰੋਚੇਜ਼, ਕਾਰਵਾਈਆਂ, ਟਰੇਨਿੰਗ, ਨੇਟਵਰਕ ਟੇਸਟਿੰਗ ਤੇ ਖਤਰੇ ਦੇ ਮੁਲੰਕਣ ਨੂੰ ਵੀ ਸ਼ਾਮਲ ਕਰਨਾ ਹੋਵੇਗਾ।

### ਮੇਟਾ ਨੇ ਘੁਟਾਲੇ ਨਾਲ ਜੁੜੇ 50 ਲੱਖ ਖ਼ਾਤੇ ਹਟਾਏ

ਨਵੀਂ ਦਿੱਲੀ, ਆਈਏਐੱਨਐੱਸ : ਇੰਟਰਨੈੱਟ ਮੀਡੀਆ ਕੰਪਨੀ ਮੇਟਾ ਨੇ ਮੀਆਂਮਾਰਸ ਲਾਓਸ, ਸੰਬੋਡੀਆ, ਯੂਏਈ ਤੇ ਫਿਲੀਪਿੰਸ਼ ਵਿਚ ਘੁਟਾਲੇ ਨਾਲ ਸਬੰਧਤ 20 ਲੱਖ ਤੋਂ ਵੱਧ ਖਾਤੇ ਹਟਾ ਦਿੱਤੇ ਹਨ। ਮੇਟਾ ਨੇ ਕਿਹਾ ਕਿ ਉਹ ਪਿਗ ਬੁਚਰਿੰਗ ਨਾਂ ਦੀ ਇਕ ਅਪਰਾਧਕ ਸੰਗਠਨ ਨੂੰ ਫੜਨ ਵਿਚ ਲੱਗੇ ਹੋਏ ਹਨ। ਅਜਿਹੇ ਘੁਟਾਲੇ ਰਾਹੀਂ ਪਿਛਲੇ ਸਾਲ ਵਿਚ 64 ਅਰਬ ਡਾਲਰ ਠੱਗੇ ਗਏ ਸੀ।












# 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਬਾਰੇ ਕਾਨੂੰਨ ਸੰਸਦ 'ਚ ਪੇਸ਼

ਮੈਲਬੋਰਨ, 22 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੈਡਾ)- ਆਸਟਰੇਲੀਆ ਦੇ ਸੰਚਾਰ ਮੰਤਰੀ ਨੇ ਆਨਲਾਈਨ ਸੁਰੱਖਿਆ ਤਹਿਤ ਮਾਪਿਆਂ ਲਈ ਸਭ ਤੋਂ ਮੁਸ਼ਕਿਲ ਚੁਣੌਤੀਆਂ ਵਿੱਚੋਂ ਇੱਕ ਸ਼ੋਸ਼ਲ ਮੀਡੀਆ 'ਤੇ ਪਾਬੰਦੀ ਵਾਲਾ ਵਿਸ਼ਵ ਦਾ ਪਹਿਲਾ ਕਾਨੂੰਨ ਸੰਸਦ ਵਿਚ ਪੇਸ਼ ਕੀਤਾ, ਜੋ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਵੇਗਾ।

ਮਿਸ਼ੇਲ ਰੋਲੈਂਡ ਨੇ ਕਿਹਾ ਕਿ TikTok, Facebook, Snapchat, Reddit, X ਅਤੇ Instagram ਉਨ੍ਹਾਂ ਪਲੇਟਫਾਰਮਾਂ ਵਿੱਚੋਂ ਇੱਕ ਹਨ ਜੋ ਛੋਟੇ ਬੱਚਿਆਂ ਨੂੰ ਖਾਤੇ ਰੱਖਣ ਤੋਂ ਰੋਕਣ ਲਈ ਪ੍ਰਣਾਲੀਗਤ ਅਸਫਲਤਾਵਾਂ ਲਈ 50 ਮਿਲੀਅਨ ਆਸਟਰੇਲੀਆਈ ਡਾਲਰ (33 ਮਿਲੀਅਨ ਡਾਲਰ) ਤੱਕ ਦੇ ਜੁਰਮਾਨੇ ਦਾ ਸਾਹਮਣਾ ਕਰਨਗੇ।

ਰੋਲੈਂਡ ਨੇ ਸੰਸਦ ਨੂੰ ਦੱਸਿਆ, "ਇਹ ਬਿੱਲ ਸਮਾਜ ਵਿੱਚ ਇੱਕ ਨਵਾਂ ਆਦਰਸ਼ ਮੁੱਲ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਸੋਸ਼ਲ ਮੀਡੀਆ ਤੱਕ ਪਹੁੰਚ ਕਰਨਾ ਆਸਟਰੇਲੀਆ ਵਿੱਚ ਵੱਡੇ ਹੋਣ ਦੀ ਪਰਿਭਾਸ਼ਾ ਵਿਸ਼ੇਸ਼ਤਾ ਨਹੀਂ ਹੈ।"ਉਨ੍ਹਾਂ ਅੱਗੇ ਕਿਹਾ ਕਿ ਇਸ ਗੱਲ ਦੀ ਵਿਆਪਕ ਮਾਨਤਾ ਹੈ ਕਿ ਨੌਜਵਾਨ, ਕਿਸ਼ੋਰਾਂ ਅਤੇ ਬੱਚਿਆਂ ਨੂੰ ਅਨਫਿਲਟਰਡ ਅਤੇ ਬੇਅੰਤ ਸਮੱਗਰੀ ਦੀਆਂ ਧਾਰਾਵਾਂ ਦੇ ਸੰਪਰਕ ਵਿੱਚ ਆਉਣ ਤੋਂ ਰੋਕਣ ਵਿੱਚ ਮਦਦ ਲਈ ਤੁਰੰਤ ਕੁਝ ਕੀਤਾ ਜਾਣਾ ਚਾਹੀਦਾ ਹੈ। ਬਿੱਲ ਨੂੰ ਵਿਆਪਕ ਸਿਆਸੀ ਸਮਰਥਨ ਹਾਸਲ ਹੈ। ਇਸ ਦੇ ਕਾਨੂੰਨ ਬਣਨ ਤੋਂ ਬਾਅਦ, ਪਲੇਟਫਾਰਮਾਂ ਕੋਲ ਉਮਰ ਦੀ ਪਾਬੰਦੀ ਨੂੰ ਕਿਵੇਂ ਲਾਗੂ ਕਰਨਾ ਹੈ ਇਸ ਬਾਰੇ ਕੰਮ ਕਰਨ ਲਈ ਇੱਕ ਸਾਲ ਦਾ ਸਮਾਂ ਹੋਵੇਗਾ।



ਆਸਟ੍ਰੇਲੀਆ ਦੇ ਸੰਚਾਰ ਮੰਤਰੀ ਨੇ ਆਨਲਾਈਨ ਸੁਰੱਖਿਆ ਤਹਿਤ ਮਾਪਿਆਂ ਲਈ ਸਭ ਤੋਂ ਮੁਸ਼ਕਿਲ ਚੁਣੌਤੀਆਂ ਵਿੱਚੋਂ ਇੱਕ ਸ਼ੋਸ਼ਲ ਮੀਡੀਆ 'ਤੇ ਪਾਬੰਦੀ ਵਾਲਾ ਵਿਸ਼ਵ ਦਾ ਪਹਿਲਾ ਕਾਨੂੰਨ ਸੰਸਦ ਵਿਚ ਪੇਸ਼ ਕੀਤਾ, ਜੋ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਵੇਗਾ।

## ਹਰਜਿੰਦਰ ਸਿੱਧੂ ਬਣੇ ਡੈਲਟਾ ਪੁਲਿਸ ਦੇ ਮੁਖੀ



ਵੈਨਕੂਵਰ, 22 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਹਰਜ ਸਿੱਧੂ ਵਜੋਂ ਜਾਣੇ ਜਾਂਦੇ ਹਰਜਿੰਦਰ ਸਿੰਘ ਸਿੱਧੂ ਨੂੰ ਡੈਲਟਾ ਪੁਲਿਸ ਦਾ ਨਵਾਂ ਮੁਖੀ ਬਣਾਇਆ ਗਿਆ ਹੈ। ਡੈਲਟਾ ਪੁਲਿਸ ਦੀ ਹੋਂਦ ਤੋਂ ਬਾਅਦ ਪਹਿਲੀ ਵਾਰ ਕਿਸੇ ਪੰਜਾਬੀ ਵਿਅਕਤੀ ਨੂੰ ਇਸ ਅਹੁਦੇ 'ਤੇ ਬਿਰਾਜਮਾਨ ਹੋਣ ਦਾ ਮਾਣ ਹਾਸਲ ਹੋਇਆ ਹੈ।

ਹਰਜਿੰਦਰ ਸਿੱਧੂ 1993 ਵਿੱਚ ਡੈਲਟਾ ਪੁਲਿਸ ਵਿੱਚ ਸਿਪਾਹੀ ਵਜੋਂ ਭਰਤੀ ਹੋਏ ਤੇ ਹਰ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦਿਆਂ ਉਨ੍ਹਾਂ ਇਸ ਪੁਲਿਸ ਫੋਰਸ ਦੇ ਮੁਖੀ ਦੇ ਅਹੁਦੇ ਤੱਕ ਪਹੁੰਚ ਕੇ ਸਮੁੱਚੇ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਕੈਨੇਡਾ ਦੇ ਪੱਛਮੀ ਸਾਹਿਲ ਦੀ ਬੰਦਰਗਾਹ ਡੈਲਟਾ ਵਿੱਚ ਹੋਣ ਕਰਕੇ ਡੈਲਟਾ ਪੁਲਿਸ ਨੂੰ ਕਈ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਂਦੀਆਂ ਹਨ। ਵਿਦੇਸ਼ਾਂ ਤੋਂ ਦਰਾਮਦ ਹੁੰਦੇ ਤੇ ਬਾਹਰ ਬਰਾਮਦ ਕੀਤੇ ਜਾਂਦੇ ਸਾਮਾਨ ਉੱਤੇ ਨਜ਼ਰ ਰੱਖਣ ਦੀ ਜਿੰਮੇਵਾਰੀ ਡੈਲਟਾ ਪੁਲਿਸ ਨਿਭਾਉਂਦੀ ਹੈ। ਕਈ ਸਾਲਾਂ ਤੋਂ ਵੱਡੇ ਕੇਸਾਂ ਦੀ ਜਾਂਚ ਦਾ ਕੰਮ ਸਿੱਧੂ ਦੀ ਕਮਾਂਡ ਵਾਲੀ ਟੀਮ ਨੂੰ ਸੌਂਪਿਆ ਜਾਂਦਾ ਸੀ ਤੇ ਉਸਦੀ ਜਾਂਚ 'ਤੇ ਕਦੇ ਉਂਗਲ ਉੱਠਣ ਦੀ ਗੁੰਜਾਇਸ਼ ਪੈਦਾ ਨਹੀਂ ਹੋਈ।

ਪੁਲਿਸ ਬੋਰਡ ਦੇ ਚੇਅਰਮੈਨ ਇਆਨ ਟੈਟ ਨੇ ਉਸਦੀ ਨਿਯੁਕਤੀ ਦਾ ਐਲਾਨ ਕਰਦਿਆਂ ਉਸਦੀ ਦੂਰਅੰਦੇਸ਼ ਤੇ ਕਮਾਂਡਰ ਵਾਲੀ ਸੋਚ ਅਤੇ ਵੱਖ ਵੱਖ ਤਬਜਬਿਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਇਸ ਤੋਂ ਪਹਿਲਾਂ ਡੈਲਟਾ ਪੁਲਿਸ ਦੇ ਮੁਖੀ ਬਣਨ ਵਾਲੇ ਅਕਸਰ ਬਾਹਰਲੇ ਖੇਤਰਾਂ ਤੋਂ ਹੁੰਦੇ ਸੀ, ਪਰ ਸਿੱਧੂ ਦੀ ਨਿਯੁਕਤੀ ਨਾਲ ਅੰਦਰੂਨੀ ਵਾਲਾ ਰਿਕਾਰਡ ਵੀ ਟੁੱਟ ਗਿਆ ਹੈ।

# ਲੰਡਨ ਮੁੜ ਬਣਿਆ ਦੁਨੀਆ ਦਾ ਸਰਵੋਤਮ ਸ਼ਹਿਰ

## ਬਰਤਾਨੀਆ ਦੀ ਰਾਜਧਾਨੀ ਨੂੰ ਲਗਾਤਾਰ ਦਸ ਸਾਲਾਂ ਤੋਂ ਮਿਲ ਰਿਹੈ ਸਭ ਤੋਂ ਬਿਹਤਰੀਨ ਸ਼ਹਿਰ ਦਾ ਦਰਜ਼ਾ, 20 ਫੀਸਦੀ ਦਰਜ਼ ਕੀਤਾ ਗਿਆ ਵਾਧਾ



ਲੰਡਨ,22 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੈਡਾ)- ਲੰਡਨ ਨੂੰ ਦੁਨੀਆਂ ਦੇ ਸਰਵੋਤਮ ਸ਼ਹਿਰਾਂ ਦੀ ਸਾਲਾਨਾ ਦਰਜਾਬੰਦੀ ਵਿੱਚ ਲਗਾਤਾਰ ਦਸਵੇਂ ਸਾਲ ਵਿਸ਼ਵ ਦਾ ਸਰਵੋਤਮ ਸ਼ਹਿਰ ਚੁਣਿਆ ਗਿਆ ਹੈ। ਬਰਤਾਨੀਆ ਦੀ ਰਾਜਧਾਨੀ ਨੇ ਨਿਊਯਾਰਕ, ਪੈਰਿਸ ਅਤੇ ਟੋਕੀਓ ਨੂੰ ਪਛਾੜਦਿਆਂ ਸਿਖਰਲਾ ਸਥਾਨ ਬਰਕਰਾਰ ਰੱਖਿਆ ਹੈ। ਰੀਅਲ ਅਸਟੇਟ, ਸੈਰ-ਸਪਾਟਾ ਅਤੇ ਆਰਥਿਕ ਵਿਕਾਸ ਸਬੰਧੀ ਆਲਮੀ ਸਲਾਹਕਾਰ 'ਰੇਜ਼ੋਨੈਂਸ' ਵੱਲੋਂ ਦਸ ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਖ਼ਬਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਦਰਜਾਬੰਦੀ ਵਿੱਚ ਲੰਡਨ ਦਾ ਹਮੇਸ਼ਾ ਦਬਦਬਾ ਰਿਹਾ ਹੈ, ਭਾਵੇਂ ਮੁਲਾਂਕਣ ਦੇ ਮਾਪਦੰਡ ਹਰ ਸਾਲ ਬਦਲਦੇ ਰਹਿੰਦੇ ਹਨ। ਦਰਜਾਬੰਦੀ ਤੋਂ ਲੋਕਾਂ ਦੀ ਲੰਡਨ ਪ੍ਰਤੀ ਖਿੱਚ ਦਾ ਪਤਾ ਚੱਲਦਾ ਹੈ। ਇਹ ਅਜਿਹਾ ਸ਼ਹਿਰ, ਜੋ ਅਮੀਰ ਸਭਿਆਚਾਰਕ ਵਿਰਾਸਤ, ਮਜ਼ਬੂਤ ਵਪਾਰਕ ਬੁਨਿਆਦੀ ਢਾਂਚੇ ਅਤੇ ਜ਼ਿੰਦਗੀ ਦੀ ਬੇਮਿਸਾਲ ਗੁਣਵੱਤਾ ਦਾ ਪ੍ਰਤੀਕ ਹੈ। ਇਸ ਸਾਲ ਦੀ ਦਰਜਾਬੰਦੀ ਵਿੱਚ ਲੋਕਾਂ ਦੀ ਧਾਰਨਾ ਨੂੰ ਸ਼ਾਮਲ ਕੀਤਾ ਗਿਆ ਹੈ। ਪਹਿਲੀ ਵਾਰ 30 ਦੇਸ਼ਾਂ ਦੇ 22000 ਤੋਂ ਵੱਧ ਵਿਅਕਤੀਆਂ ਦੀ ਸੋਚ-ਸਮਝ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਵਿਸ਼ਲੇਸ਼ਣ ਵਿੱਚ ਧਾਰਨਾ ਅਧਾਰਿਤ ਡੇਟਾ ਜੋੜਿਆ ਗਿਆ ਹੈ। ਮੁਲਾਂਕਣ ਵਿੱਚ ਕਈ ਹੋਰ ਕਾਰਨਾਂ 'ਤੇ ਵੀ ਵਿਚਾਰ ਕੀਤਾ ਗਿਆ ਹੈ। ਇਸ ਵਿੱਚ ਵਾਤਾਵਰਨ ਦੀ ਗੁਣਵੱਤਾ, ਅਮੀਰ ਸਭਿਆਚਾਰਕ ਵਿਰਸਾ, ਭੋਜਨ, ਨਾਈਟ ਲਾਈਫ, ਖ਼ਰੀਦਦਾਰੀ ਅਤੇ ਵਪਾਰਕ ਬੁਨਿਆਦੀ ਢਾਂਚਾ ਸ਼ਾਮਲ ਹਨ। ਇਸ ਵਿੱਚ ਖੇਤਰੀ ਹਵਾਈ ਅੱਡੇ ਦੀ ਕੁਨੈਕਟੀਵਿਟੀ ਅਤੇ ਯੂਨੀਵਰਸਿਟੀਆਂ ਦੀ ਗੁਣਵੱਤਾ ਦਾ ਵੀ ਮੁਲਾਂਕਣ ਕੀਤਾ ਗਿਆ ਹੈ। ਰੇਜ਼ੋਨੈਂਸ ਦੇ ਪ੍ਰਧਾਨ ਅਤੇ ਸੀਈਓ ਕਿਸ ਫੇਅਰ ਨੇ ਕਿਹਾ, "ਲੋਕ ਅੱਗੇ ਵਧ ਰਹੇ ਹਨ ਅਤੇ ਇੱਕ ਥਾਂ ਤੋਂ ਦੂਜੀ ਥਾਂ ਜਾ ਰਹੇ ਹਨ। ਮਹਾਮਾਰੀ ਦੌਰਾਨ ਇਹ ਰੁਝਾਨ ਵਧਿਆ ਹੈ ਕਿਉਂਕਿ ਲੋਕ ਨਾ ਸਿਰਫ਼ ਕਿਫ਼ਾਇਤੀ ਥਾਵਾਂ ਦੀ ਭਾਲ ਕਰ ਰਹੇ ਹਨ, ਸਗੋਂ ਮਨਪਸੰਦ ਥਾਵਾਂ ਦੀ ਵੀ ਤਲਾਸ਼ ਕਰ ਰਹੇ ਹਨ।" ਉਨ੍ਹਾਂ ਕਿਹਾ, "ਨਤੀਜਿਆਂ ਤੋਂ ਪਤਾ ਚੱਲਦਾ ਹੈ ਕਿ ਦੁਨੀਆਂ ਭਰ ਦੇ ਲੋਕ ਸਭ ਤੋਂ ਵੱਡੇ ਸ਼ਹਿਰਾਂ ਵਿੱਚ ਰਹਿਣ, ਘੁੰਮਣ ਅਤੇ ਕੰਮ ਕਰਨ ਦੀ ਇੱਛਾ ਰੱਖਦੇ ਹਨ।"

# ਸੁਪਰੀਮ ਕੋਰਟ ਵੱਲੋਂ ਦਿੱਲੀ ਸਰਕਾਰ ਦੀ ਜਵਾਬਤਲਬੀ

## ਟਰੱਕਾਂ ਦੀ ਐਂਟਰੀ ਬੰਦ ਨਾ ਹੋਣ 'ਤੇ ਜਵਾਬ ਮੰਗਿਆ; ਤਿੰਨ ਦਿਨ ਹੋਰ ਸਖ਼ਤੀ ਕਰਨ ਲਈ ਕਿਹਾ



ਨਵੀਂ ਦਿੱਲੀ, 22 ਨਵੰਬਰ(ਜਸਵਿੰਦਰ ਸਿੰਘ ਬਿੱਟਾ)- ਦੇਸ਼ ਦੀ ਸਰਵਉਚ ਅਦਾਲਤ ਨੇ ਦਿੱਲੀ ਵਿਚ ਪ੍ਰਦੂਸ਼ਣ ਦੇ ਮਾਮਲੇ 'ਤੇ ਦਿੱਲੀ ਸਰਕਾਰ ਦੀ ਜਵਾਬਤਲਬੀ ਕੀਤੀ ਹੈ। ਸੁਪਰੀਮ ਕੋਰਟ ਨੇ ਗਰੇਡ ਚਾਰ ਦੀਆਂ ਪਾਬੰਦੀਆਂ ਲਾਗੂ ਨਾ ਹੋਣ 'ਤੇ ਵੀ ਸਵਾਲ ਕੀਤੇ। ਉਨ੍ਹਾਂ ਪੁੱਛਿਆ ਕਿ ਟਰੱਕਾਂ ਦੀ ਐਂਟਰੀ ਬੈਨ ਕਿਉਂ ਨਹੀਂ ਕੀਤੀ ਗਈ। ਸੁਪਰੀਮ ਕੋਰਟ ਨੇ ਪੁੱਛਿਆ ਕਿ ਦਿੱਲੀ ਦੇ 113 ਐਂਟਰੀ ਪੁਆਇੰਟਾਂ 'ਤੇ ਸਿਰਫ 13 ਸੀਸੀਟੀਵੀ ਕੈਮਰੇ ਹਨ। ਅਦਾਲਤ ਨੇ ਕੇਂਦਰ ਨੂੰ ਕਿਹਾ ਕਿ ਉਹ ਇਨ੍ਹਾਂ ਥਾਵਾਂ 'ਤੇ ਪੁਲੀਸ ਬਲਾਂ ਦੀ ਤਾਇਨਾਤੀ ਕਰਨ। ਜਸਟਿਸ ਅਭੈ ਐਸ ਓਕਾ ਤੇ ਜਸਟਿਸ ਆਗਸਟੀਨ ਮਸੀਹ ਦੇ ਬੈਂਚ ਨੇ ਕਿਹਾ ਕਿ ਉਹ ਦਿੱਲੀ ਸਰਕਾਰ ਦੀਆਂ ਕੋਸ਼ਿਸ਼ਾਂ ਤੋਂ ਸੰਤੁਸ਼ਟ ਨਹੀਂ ਹਨ। ਉਨ੍ਹਾਂ ਕਿਹਾ ਕਿ ਕੀ ਗਰੇਡ ਚਾਰ ਦੀਆਂ ਸਾਰੀਆਂ ਪਾਬੰਦੀਆਂ ਨੂੰ ਅਸਲ ਵਿਚ ਲਾਗੂ ਕੀਤਾ ਜਾ ਰਿਹਾ ਹੈ ਤੇ ਕੀ ਇਸ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗਰੈਪ ਚਾਰ ਦੀਆਂ ਪਾਬੰਦੀਆਂ ਤਿੰਨ ਦਿਨ ਹੋਰ ਲਾਗੂ ਰਹਿਣੀਆਂ ਚਾਹੀਦੀਆਂ ਹਨ। ਉਨ੍ਹਾਂ ਇਸ ਮਾਮਲੇ ਦੀ ਅਗਲੀ ਸੁਣਵਾਈ 25 ਨਵੰਬਰ ਨਿਰਧਾਰਿਤ ਕੀਤੀ।



# ਵਿਸ਼ਵ ਪੰਜਾਬੀ ਸਭਾ (ਰਜਿ:) ਕੈਨੇਡਾ
## ਅਤੇ ਧੀ ਪੰਜਾਬਣ ਮੰਚ ਸੰਗਰੂਰ ਵੱਲੋਂ

# ਪੁਸਤਕ ਸੱਭਿਆਚਾਰ ਨੂੰ ਸਮਰਪਿਤ ਸਮਾਰੋਹ

**ਮਿਤੀ: 27 ਨਵੰਬਰ 2024 ਦਿਨ ਬੁੱਧਵਾਰ / ਸਮਾਂ: ਸਵੇਰੇ 10:00 ਵਜੇ**

**ਸਥਾਨ:– ਅਕਾਲ ਕਾਲਜ ਆਫ ਐਜੂਕੇਸ਼ਨ, ਮਸਤੂਆਣਾ ਸਾਹਿਬ (ਸੰਗਰੂਰ)**

## ਸਮਾਗਮ ਦੇ ਸਿਤਾਰੇ



ਡਾ. ਦਲਬੀਰ ਸਿੰਘ ਕਥੂਰੀਆ, ਚੇਅਰਮੈਨ ਵਿਸ਼ਵ ਪੰਜਾਬੀ ਸਭਾ | ਡਾ. ਹਰਦੀਪ ਸਿੰਘ ਮੁੰਡੀਆ, ਕੈਬਨਿਟ ਮੰਤਰੀ ਪੰਜਾਬ | ਡਾ. ਐਚ. ਐਸ. ਗਿੱਲ, ਚੇਅਰਮੈਨ ਆਦੇਸ਼ ਯੂਨੀਵਰਸਿਟੀ | ਡਾ. ਐਸ.ਪੀ. ਸਿੰਘ, ਸਾਬਕਾ ਵੀ.ਸੀ. ਗੁਰੂ ਨਾਨਕ ਦੇਵ ਯੂਨੀ. | ਪ੍ਰੋ. ਗੁਰਭਜਨ ਗਿੱਲ, ਸਰਪ੍ਰਸਤ ਵਿਸ਼ਵ ਪੰਜਾਬੀ ਸਭਾ | ਸ. ਜਸਪ੍ਰੀਤ ਸਿੰਘ ਕਰਮਸਰ, ਚੇਅਰਮੈਨ ਧਰਮ ਪ੍ਰਚਾਰ ਕਮੇਟੀ ਦਿੱਲੀ | ਸ. ਕੰਵਰ ਸੰਧੂ, ਸਾਬਕਾ ਐਮ.ਐਲ.ਏ | ਡਾ. ਜਗਤਾਰ ਸਿੰਘ ਧੀਮਾਨ, ਸਾਬਕਾ ਵੀ.ਸੀ. ਗੁਰੂ ਕਾਂਸੀ ਯੂਨੀਵਰਸਿਟੀ



ਸ. ਲਖਵਿੰਦਰ ਸਿੰਘ ਸਲੇਮਪੁਰੀ, ਵਿਸ਼ਵ ਪ੍ਰਸਿੱਧ ਲੇਖਕ | ਡਾ. ਜੋਗਾ ਸਿੰਘ ਵਿਰਕ, ਮੁੱਖ ਸਲਾਹਕਾਰ | ਸ. ਗੁਰਲਾਭ ਸਿੰਘ ਸਿੱਧੂ, ਸਰਪ੍ਰਸਤ | ਪ੍ਰੋ. ਕੁਲਬੀਰ ਸਿੰਘ, ਸੀਨੀ. ਕਾਲਮਨਵੀਸ ਮੀਡੀਆ ਆਲੋਚਕ | ਪ੍ਰੋ. ਸੰਧੂ ਵਰਿਆਣਵੀਂ, ਮੁੱਖ ਸਲਾਹਕਾਰ | ਡਾ. ਗੁਰਪ੍ਰੀਤ ਕੌਰ, ਮੁੱਖ ਸਲਾਹਕਾਰ | ਡਾ. ਗੁਰਚਰਨ ਕੌਰ ਕੋਚਰ, ਨੈਸ਼ਨਲ ਸਟੇਟ ਅਵਾਰਡੀ | ਮੈਡਮ ਸੁੱਖੀ ਬਰਾੜ, ਪੰਜਾਬੀ ਲੋਕ ਗਾਇਕਾ

## ਉਡੀਕਵਾਨ ਸਮੁੱਚੀ ਟੀਮ



ਸ. ਹਰਜੀਤ ਸਿੰਘ ਢੀਂਗਰਾ | ਮੈਡਮ ਬਲਬੀਰ ਕੌਰ ਰਾਏਕੋਟੀ | ਬਿੰਦੂ ਸ਼ਬੀਨਾ ਸੰਧੂ | ਸ. ਸਤਵਿੰਦਰ ਸਿੰਘ ਧੜਾਕ | ਡਾ. ਕਮਲਜੀਤ ਸਿੰਘ ਟਿੱਬਾ | ਸ. ਜਸਵੀਰ ਸਿੰਘ ਰਾਏ | ਸ. ਸੋਹਣ ਸਿੰਘ ਗੈਦੂ | ਜਗਦੀਸ਼ ਰਾਣਾ | ਸ. ਅਮਰਜੀਤ ਸਿੰਘ ਅਮਰ | ਸ. ਹਰਜੀਤ ਸਿੰਘ ਬਾਜਵਾ



ਸ. ਰਵਿੰਦਰ ਸਿੰਘ ਸੋਂਪਲਾ | ਪ੍ਰਿੰਸੀਪਲ ਗੁਰਜੰਟ ਸਿੰਘ | ਡਾ. ਰਮਨਦੀਪ ਸਿੰਘ ਦੀਪ | ਡਾ. ਹਰਜੀਤ ਸਿੰਘ ਸੱਦਤ | ਸ. ਕੰਵਲਜੀਤ ਸਿੰਘ ਲੱਕੀ | ਸ. ਸੁਰਿੰਦਰਪ੍ਰੀਤ ਘਣੀਆਂ | ਸ. ਸਤਬੀਰ ਸਿੰਘ | ਮੈਡਮ ਬਲਜੀਤ ਸਰਾਂ | ਡਾ. ਜਗਦੀਪ ਕੌਰ ਆਹੂਜਾ | ਸ੍ਰੀਮਤੀ ਪਰਮਿੰਦਰ ਕੌਰ ਜੈਪੁਰ



ਸਾਹਿਬਾ ਜੀਟਨ ਕੌਰ | ਰਵੀ ਦੇਵਗਨ | ਪਰਮਜੀਤ ਕੌਰ | ਡਾ. ਉਮੇ ਐਮਨ | ਸ. ਸਰਬਜੀਤ ਸਿੰਘ ਡਿੰਪੀ | ਗੁਰਜੀਤ ਕੌਰ ਅਜਨਾਲਾ | ਅਹਿਮਦ ਮਹਿਮੂਦ ਬਿੰਦ | ਗੁਰਪ੍ਰੀਤ ਕੌਰ | ਅਨੀਤਾ ਪਟਿਆਲਵੀ | ਬੋਬੀ ਬਾਜਾਖਾਨਾ



ਸ੍ਰੀਮਤੀ ਹਰਜਿੰਦਰ ਕੌਰ ਸੱਧਰ | ਵਿਨੈ ਜੋਸ਼ੀ | ਡਾ. ਗਿਆਨ ਸਿੰਘ ਘਈ | ਦਵੀ ਸਿੱਧੂ | ਨਿਰਮਲਾ ਗਰਗ | ਮੈਡਮ ਸਨਦੀਪ ਚੀਮਾ | ਸ. ਬਲਰਾਜ ਸਿੰਘ | ਸ. ਅਵਤਾਰ ਸਿੰਘ | ਸ. ਗਿਆਨ ਸਿੰਘ | ਸ. ਰਣਜੀਤ ਸਿੰਘ ਸਿਰਸਾ



ਸੰਦੀਪ ਸਰਮਾਂ | ਰਮਨਦੀਪ ਕੌਰ | ਸ. ਹਰਪ੍ਰੀਤ ਸਿੰਘ | ਸ. ਹਰਜਿੰਦਰ ਸਿੰਘ ਜਿੰਦੀ | ਮੰਗਤ ਖਾਨ | ਸ. ਗੁਰਸੇਵਕ ਸਿੰਘ ਢੈਣੀ | ਸ. ਸੁਖਦੇਵ ਸਿੰਘ ਗੰਡਵਾ | ਡਾ. ਰਵਿੰਦਰ ਭਾਟੀਆ | ਰਾਜਵੀਰ ਜੰਨਤ | ਕਿਰਨ ਸਿੰਗਲਾ


**ਸੰਪਰਕ ਨੰ. 98144-12610, 98154-04044**


ROYAL SHIELD GROUP
SUPER VISA
INSURANCE
EMERGENCY MEDICAL INSURANCE FOR
STUDENTS
WORK PERMIT HOLDERS
VISITORS
TEHAL SINGH BRAR
INSURANCE ADVISOR
905-782-2013
SAHAS BRAR
416-660-6151
PASSPORT
VISA
CHILD PLAN
Do you want to give a Life Time Gift to your Child? Call Now to set up this plan!
A MAGICAL POLICY
20 Years To Pay!

# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA